**ਮਾਨਯੋਗ ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ-ਕਮ-ਚੇਅਰਮੈਨ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਮਿਤੀ 20-08-2020 ਨੂੰ ਦੁਪਹਿਰ ਤੋਂ ਪਹਿਲਾਂ 11.30 ਵਜੇ ਹੋਈ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ (ਗਮਾਡਾ) ਦੀ 24ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁੱਦਾ<br>ਸਰਵ ਸ੍ਰੀ | |
|---|---|---|
| 1 | ਸ੍ਰੀ ਪਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਗਮਾਡਾ। | ਮੈਂਬਰ |
| 2 | ਸ੍ਰੀ ਰਾਜੇਸ਼ ਧੀਮਾਨ, ਪੀ.ਸੀ.ਐਸ.<br>ਵਧੀਕ ਮੁੱਖ ਪ੍ਰਸਾਸਕ (ਵਿੱਤ ਤੇ ਲੇਖਾ) | ਵਿਸ਼ੇਸ ਮਹਿਮਾਨ |
| 3 | ਸ੍ਰੀਮਤੀ ਸੁਰਿੰਦਰ ਕੌਰ ਵੜੈਚ, ਜੁਆਇੰਟ ਸੈਕਟਰੀ (ਵਿੱਤ)<br>ਨਮਾਇੰਦਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਪੰਜਾਬ। | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

**ਮੱਦ ਨੰ: 24.01**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਦੀ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 23ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**<u>ਮੱਦ ਨੰ: 24.02</u>**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਦੀ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 23ਵੀਂ ਮੀਟਿੰਗ ਦਾ ਮੱਦਵਾਰ ਵਿਵਰਣ।**

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ਅਤੇ ਤੱਸਲੀ ਪ੍ਰਗਟਾਈ ਗਈ।

**<u>ਮੱਦ ਨੰ: 24.03</u>**

**ਗਮਾਡਾ ਦੇ ਸਾਲ 2020-2021 ਦੇ ਬਜਟ ਅਨੁਮਾਨ ਅਤੇ ਸਾਲ 2019-2020 ਦੇ ਸੋਧੇ ਹੋਏ ਬਜਟ ਅਨੁਮਾਨ ਦਾ ਅਜੰਡਾ ਭੇਜਣ ਸਬੰਧੀ।**

ਕਮੇਟੀ ਵੱਲੋਂ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ।

**<u>ਟੇਬਲ ਅਜੰਡਾ</u>**

**<u>ਮੱਦ ਨੰ: 24.04</u>**

**ਪੁੱਡਾ ਅਤੇ ਹੋਰ ਅਥਾਰਿਟੀਆਂ ਵਿੱਚ ਉਸਾਰੀ ਲਈ ਵਰਤੇ ਜਾਂਦੇ ਪਾਣੀ ਲਈ ਵਸੂਲੇ ਜਾਂਦੇ ਰੇਟਾਂ ਸਬੰਧੀ।**

ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਅਲਾਟੀ ਤੋਂ ਉਸਾਰੀ ਲਈ ਵਰਤੇ ਜਾਣ ਵਾਲੇ ਪਾਣੀ ਲਈ 20/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਬਣਦੇ ਚਾਰਜਿਸ ਪੇਸਗੀ ਦੇ ਤੌਰ ਤੇ ਵਸੂਲੇ ਜਾਣਗੇ ਅਤੇ ਇਸਦੀ ਵੈਧਤਾ 2 ਸਾਲ ਦੀ ਹੋਵੇਗੀ। ਜੇਕਰ ਅਲਾਟੀ ਵੱਲੋਂ ਉਸਾਰੀ ਵਿੱਚ 2 ਸਾਲ ਤੋਂ ਵੱਧ ਸਮਾਂ ਲੱਗਦਾ ਹੈ ਤਾਂ 2 ਸਾਲ ਹੋਣ ਉਪਰੰਤ ਪਾਣੀ ਦਾ ਬਿਲ ਮੀਟਰ ਰੀਡਿੰਗ ਮੁਤਾਬਕ ਵਸੂਲਿਆ ਜਾਵੇਗਾ।

ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ।

31.8.2020